Punjab Government Gazette

Published by Authority

No. 9] CHANDIGARH, FRIDAY, FEBRUARY 27, 2026 (PHALGUNA 8, 1947 SAKA)

PART I

Punjab Government Notifications and Orders

ਪੰਜਾਬ ਸਰਕਾਰ

ਲੋਕ ਨਿਰਮਾਣ ਵਿਭਾਗ

(ਇਮਾਰਤਾਂ ਤੇ ਸੜਕਾਂ-1 ਸ਼ਾਖਾ)

ਹੁਕਮ

ਨੰ.PWD-BR1020/104/2025-4BR1/1/1291570/2026.- ਸ਼੍ਰੀ ਭਜਨ ਸਿੰਘ ਪੁੱਤਰ ਸ਼੍ਰੀ ਨਿਰੰਜਨ ਸਿੰਘ ਨੂੰ ਲੋਕ ਨਿਰਮਾਣ ਵਿਭਾਗ (ਭ ਤੇ ਮ) ਵਿੱਚ ਬਤੌਰ ਰੋਡ ਇੰਨਸਪੈਕਟਰ ਵਿੱਚ ਨਿਯੁਕਤੀ ਪੱਤਰ ਜਾਰੀ ਕੀਤਾ ਗਿਆ ਸੀ। ਸਰਕਾਰ ਦੇ ਹੁਕਮ ਮਿਤੀ:11.03.2024 ਰਾਹੀਂ ਸ਼੍ਰੀ ਭਜਨ ਸਿੰਘ, ਜੂਨੀਅਰ ਇੰਜੀਨੀਅਰ (ਸਿਵਲ) ਨੂੰ ਦਿਵਿਆਂਗ ਨੁਕਤੇ ਦੇ ਵਿਰੁੱਧ ਉਪ ਮੰਡਲ ਇੰਜੀਨੀਅਰ (ਸਿਵਲ) ਪੱਦ ਉੱਨਤ ਕੀਤਾ ਗਿਆ ਸੀ।

2. ਲੋਕ ਨਿਰਮਾਣ ਵਿਭਾਗ ਵਿੱਚ ਕੰਮ ਕਰ ਰਹੇ ਅਧਿਕਾਰੀਆਂ/ਕਰਮਚਾਰੀਆਂ ਦਾ ਮੁੜ ਮੈਡੀਕਲ ਕਰਵਾਉਣ ਦੇ ਹੁਕਮ ਕੀਤੇ ਗਏ ਸਨ। ਜਿਸ ਦੇ ਸਨਮੁੱਖ ਸ਼੍ਰੀ ਭਜਨ ਸਿੰਘ, ਉਪ ਮੰਡਲ ਇੰਜੀਨੀਅਰ (ਸਿਵਲ) ਦਾ ਰਜਿੰਦਰਾ ਹਸਪਤਾਲ, ਪਟਿਆਲਾ ਤੋਂ ਮੁੜ ਮੈਡੀਕਲ ਕਰਵਾਇਆ ਸੀ। ਮੈਡੀਕਲ ਬੋਰਡ ਵੱਲੋਂ ਆਪਣੇ ਪੱਤਰ ਮਿਤੀ 14.08.2025 ਰਾਹੀਂ ਇਸ ਅਧਿਕਾਰੀ ਦੀ ਡਿਸੇਬਿਟਲੀ 06% ਰਿਪੋਰਟ ਕੀਤੀ ਗਈ ਹੈ। ਇਸ ਲਈ ਅਧਿਕਾਰੀ 06% ਦਿਵਿਆਂਗ ਪਾਇਆ ਗਿਆ ਹੈ।

3 ਭਾਰਤ ਸਰਕਾਰ ਦੇ PWD ACT, 1995 THE PERSONS WITH DISABILITIES ਵਿੱਚ ਹੇਠ ਅਨੁਸਾਰ ਉਪੰਬਧ ਹੈ:-

(t) " Person with disablility" means a person suffering from not less than forty per cent. of any disability as cerified by a medical authority;"

4. ਪੰਜਾਬ ਸਿਵਲ ਸੇਵਾਵਾਂ ਨਿਯਮਾਂਵਲੀ ਜਿਲਦ-1 ਦੇ ਪਾਰਟ-1 ਦੇ ਰੂਲ 3.27 ਵਿੱਚ ਦਿਵਿਆਂਗਜਨ ਅਧਿਕਾਰੀ ਦੀ ਰਿਟਾਇਰਮੈਂਟ ਸਬੰਧੀ ਹੇਠ ਦਰਸਾਏ ਅਨੁਸਾਰ ਉਪਬੰਧ ਕੀਤਾ ਗਿਆ ਹੈ ਜੀ:-

"3.27. Notwithstanding anything contained in rule 3.26, the date of retirement of a Government employee (other than a Group D employee), who is suffering from any of the disabilities viz., blindness or low vision, hearing impairment, locomotor disablility or cerebral palsy, shall be the date on which he attains the age of 60 years instead of 58 years:"

5. ਦਫ਼ਤਰ ਦੇ ਰਿਕਾਰਡ ਅਨੁਸਾਰ ਸ਼੍ਰੀ ਭਜਨ ਸਿੰਘ ਪੁੱਤਰ ਸ਼੍ਰੀ ਨਿਰੰਜਨ ਸਿੰਘ ਉਪ ਮੰਡਲ ਇੰਜੀਨੀਅਰ (ਸਿਵਲ) ਦੀ ਜਨਮ ਮਿਤੀ:17.04.1967 ਹੈ। ਸਿਵਲ ਸਰਜਨ ਪਟਿਆਲਾ ਵੱਲੋਂ ਪੱਤਰ ਨੰ:ਜਨਰਲ/2025/19461 ਮਿਤੀ:14.08.2025 ਰਾਹੀਂ ਮੈਡੀਕਲ ਬੋਰਡ ਦੀ ਭੇਜੀ ਗਈ ਰਿਪੋਰਟ ਅਨੁਸਾਰ ਅਧਿਕਾਰੀ ਦੀ ਡਿਸੇਬਿਲਟੀ 06% ਹੈ। ਡਿਸੇਬਿਲਟੀ ਐਕਟ, 2016 ਅਤੇ ਪੰਜਾਬ ਸਿਵਲ ਸੇਵਾਵਾਂ ਨਿਯਮਾਂਵਲੀ ਜਿਲਦ–1 ਦੇ ਪਾਰਟ–1 ਦੇ ਰੂਲ 3.27 ਅਨੁਸਾਰ ਅਧਿਕਾਰੀ ਦਿਵਿਆਂਗਜਨ ਕੈਟਾਗਿਰੀ ਵਿੱਚ ਕਵਰ ਨਹੀਂ ਹੁੰਦਾ ਹੈ।

6. ਪੰਜਾਬ ਸਿਵਲ ਸੇਵਾਵਾਂ, ਜਿਲਦ–1 ਨਿਯਮ 3.26 (ਏ) ਅਤੇ (ਬੀ) ਵਿੱਚ ਦਰਜ ਉਪਬੰਧਾਂ ਅਨੁਸਾਰ ਇੰਜੀ: ਭਜਨ ਸਿੰਘ ਪੁੱਤਰ ਸ਼੍ਰੀ ਨਿਰੰਜਨ ਸਿੰਘ, ਉਪ ਮੰਡਲ ਇੰਜੀਨੀਅਰ (ਸਿਵਲ), ਲੋਕ ਨਿਰਮਾਣ ਵਿਭਾਗ ਵਿੱਚ 58 ਸਾਲ ਦੀ ਉਮਰ ਪੂਰੀ ਹੋਣ ਉਪਰੰਤ ਮਿਤੀ 30.04.2025 (ਬਾਅਦ ਦੁਪਹਿਰ) ਤੋਂ ਸਰਕਾਰੀ ਸੇਵਾ ਤੋਂ ਸੇਵਾ ਨਿਵਿਰਤ ਕੀਤਾ ਜਾਂਦਾ ਹੈ।

7. ਅਧਿਕਾਰੀ ਵਿਰੁੱਧ ਕੋਈ ਵਿਭਾਗੀ/ਚੌਕਸੀ ਪੜਤਾਲ ਜਾਂ ਮਿਸਲੇਨੀਅਸ ਐਡਵਾਂਸ ਰਕਮ ਆਦਿ ਦਾ ਕੇਸ ਲੰਬਿਤ ਹੋਵੇ ਤਾਂ ਉਸ ਤੇ ਇਹਨਾਂ ਰਿਟਾਇਰਮੈਂਟ ਦੇ ਹੁਕਮਾਂ ਦਾ ਕੋਈ ਅਸਰ ਨਹੀਂ ਹੋਵੇਗਾ ਅਤੇ ਅਧਿਕਾਰੀ ਵਿਰੁੱਧ ਪੰਜਾਬ ਸਿਵਲ ਸੇਵਾਵਾਂ ਨਿਯਮਾਂਵਲੀ ਦੇ ਭਾਗ–2 ਦੇ ਨਿਯਮ 2.2 ਅਧੀਨ ਕਾਰਵਾਈ ਕੀਤੀ ਜਾਵੇਗੀ। ਇਸ ਤੋਂ ਇਲਾਵਾ ਜੇਕਰ ਅਧਿਕਾਰੀ ਵਿਰੁੱਧ ਸਰਕਾਰ ਦਾ ਕੋਈ ਬਕਾਇਆ ਆਦਿ ਲੰਬਿਤ ਹੋਵੇ ਤਾਂ ਉਸ ਨੂੰ ਰਿਕਵਰ ਕਰਨ ਦਾ ਅਧਿਕਾਰ ਸਰਕਾਰ ਪਾਸ ਰਾਖਵਾਂ ਹੋਵੇਗਾ।

8. ਇਹ ਹੁਕਮ ਸਮਰੱਥ ਅਥਾਰਟੀ ਦੀ ਪ੍ਰਵਾਨਗੀ ਉਪਰੰਤ ਜਾਰੀ ਕੀਤਾ ਜਾਂਦਾ ਹੈ।

ਰਵੀ ਭਗਤ, ਆਈ.ਏ.ਐਸ
ਸਕੱਤਰ, ਪੰਜਾਬ ਸਰਕਾਰ
ਲੋਕ ਨਿਰਮਾਣ ਵਿਭਾਗ (ਭ ਤੇ ਮ)

ਚੰਡੀਗੜ੍ਹ
ਮਿਤੀ 23 ਦਸੰਬਰ, 2025

3645/2-2026/Pb. Govt. Press, S.A.S. Nagar